BRAMPTON

Media Release

ਤੁਰੰਤ ਰਿਲੀਜ ਲਈ

# ਓਨਟੈਰੀਓ ਦਾ ਬਿਲਕੁੱਲ ਨਵਾਂ ਮੈਡੀਕਲ ਸਕੂਲ, ਟੀ.ਐਮ.ਯੂ. ਸਕੂਲ ਆਫ ਮੈਡੀਸਿਨ ਸਿਟੀ ਆਫ ਬ੍ਰੈਂਪਟਨ ਦੇ ਬ੍ਰੈਮਲੀ ਸਿਵਿਕ ਸੈਂਟਰ ਵਿੱਚ ਹੋਵੇਗਾ

ਬ੍ਰੈਂਪਟਨ, ਓਨਟੈਰੀਓ (27 ਜਨਵਰੀ, 2023) – ਅੱਜ, ਸਿਟੀ ਆਫ ਬ੍ਰੈਂਪਟਨ, ਓਨਟੈਰੀਓ ਸਰਕਾਰ ਅਤੇ ਟੋਰੋਂਟੋ ਮੈਟਰੋਪੋਲੀਟਨ ਯੂਨੀਵਰਸਿਟੀ (ਟੀ.ਐਮ.ਯੂ.) (Toronto Metropolitan University) (TMU) ਨੇ ਐਲਾਨ ਕੀਤਾ ਕਿ ਬ੍ਰੈਂਪਟਨ ਵਿੱਚ 150 ਸੈਂਟਰਲ ਪਾਰਕ ਡ੍ਰਾਈਵ (150 Central Park Drive) ਵਿਖੇ ਨਵਾਂ ਟੋਰੋਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਸਕੂਲ ਆਫ ਮੈਡੀਸਿਨ (Toronto Metropolitan University School of Medicine), ਸਿਟੀ ਦੇ ਬ੍ਰੈਮਲੀ ਸਿਟੀ ਸੈਂਟਰ (Bramalea Civic Centre) ਵਿੱਚ ਹੋਵੇਗਾ।

ਕਾਰਜਨੀਤਕ ਤੌਰ ਤੇ ਸਿਵਿਕ ਸੈਂਟਰ, ਸਿਟੀ ਦੇ ਹੈਲਥ ਅਤੇ ਲਾਈਫ ਸਾਇੰਸਿਜ ਕਲਸਟਰ ਦੇ ਅੰਦਰ ਸਥਿਤ ਹੈ ਅਤੇ ਇਸਦੀ ਚੋਣ, ਬ੍ਰੈਂਪਟਨ ਸਿਵਿਕ (Brampton Civic) ਅਤੇ ਪੀਲ ਮੈਮੋਰੀਅਲ ਹਸਪਤਾਲਾਂ (Peel Memorial Hospitals), ਦੋਵਾਂ ਨਾਲ ਇਸਦੀ ਨਿਕਟਤਾ ਦੇ ਨਾਲ-ਨਾਲ, ਮਿਊਨਿਸਿਪਲ ਟ੍ਰਾਂਸਪੋਰਟੇਸ਼ਨ, ਗੋ ਟ੍ਰਾਂਜ਼ਿਟ (GO transit) ਅਤੇ ਹਾਈਵੇ ਸਿਸਟਮਾਂ ਤੱਕ ਇਸਦੀ ਪਹੁੰਚਯੋਗਤਾ ਲਈ ਕੀਤੀ ਗਈ ਸੀ। ਇਹ ਥਾਂ, ਸਕੂਲ ਆਫ ਮੈਡੀਸਿਨ ਬਣਾਉਣ ਲਈ ਥਾਂ ਸਬੰਧੀ ਲੋੜਾਂ ਨੂੰ ਵੀ ਪੂਰਾ ਕਰਦੀ ਹੈ, ਜਿਸਨੂੰ ਕਲਾਸਰੂਮਾਂ, ਦਫਤਰਾਂ, ਰਿਸਰਚ ਫੈਸਿਲਿਟੀਜ ਅਤੇ ਇੱਕ ਇੰਟੀਗ੍ਰੇਟਿਡ ਹੈਲਥ ਕਲੀਨਿਕ ਲਈ 250,000 ਸਕਵੇਅਰ ਫੁੱਟ ਦੀ ਲੋੜ ਹੋਵੇਗੀ। ਸਿਟੀ ਆਫ ਬ੍ਰੈਂਪਟਨ, ਸਕੂਲ ਆਫ ਮੈਡੀਸਿਨ ਦੀ ਪ੍ਰੋਗਰਾਮਿੰਗ ਅਤੇ ਓਪਰੇਸ਼ਨਾਂ ਲਈ ਲੋੜੀਂਦੇ ਬਿਲਡਿੰਗ ਪੁਨਰ ਨਿਰਮਾਣਾਂ ਦੀ ਸਹਾਇਤਾ ਲਈ 20 ਮਿਲੀਅਨ ਡਾਲਰ ਦੀ ਫੰਡਿੰਗ ਦਾ ਨਿਵੇਸ਼ ਕਰੇਗੀ।

ਟੀ.ਐਮ.ਯੂ. ਸਕੂਲ ਆਫ ਮੈਡੀਸਿਨ ਨੇ, ਸੌ ਸਾਲਾਂ ਵਿੱਚ ਜੀ.ਟੀ.ਏ. (GTA) ਵਿੱਚ ਪਹਿਲੇ ਨਵੇਂ ਮੈਡੀਕਲ ਸਕੂਲ ਵਜੋਂ ਪਛਾਣ ਬਣਾਈ ਹੈ ਅਤੇ ਬ੍ਰੈਂਪਟਨ ਨੂੰ ਕਮਿਉਨਿਟੀ-ਅਧਾਰਤ ਮੈਡੀਕਲ ਸਕੂਲ ਦੀ ਥਾਂ ਬਣਾਇਆ ਹੈ, ਜੋ ਸ਼ਮੂਲੀਅਤ, ਇਨੋਵੇਸ਼ਨ ਅਤੇ ਪ੍ਰਾਈਮਰੀ ਕੇਅਰ ਤੇ ਕੇਂਦਰਿਤ ਹੈ।

ਬ੍ਰੈਂਪਟਨ ਵਿੱਚ ਇੱਕ ਮੈਡੀਕਲ ਸਕੂਲ ਦੀ ਸਥਾਪਨਾ ਕਰਨਾ, ਸਿਟੀ ਦੇ ਜਾਰੀ ਐਡਵੋਕੇਸੀ ਕੰਮ ਦਾ ਮਹੱਤਵਪੂਰਣ ਹਿੱਸਾ ਰਿਹਾ ਹੈ। 2021 ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ ਨੇ 1 ਮਿਲੀਅਨ ਡਾਲਰ ਦੀ ਪਲਾਨਿੰਗ ਗ੍ਰਾਂਟ ਦੇ ਪੱਖ ਵਿੱਚ ਵੋਟ ਦਿੱਤੀ ਸੀ (Brampton City Council voted in favour of a $1 million planning grant), ਜੋ ਸ਼ਹਿਰ ਵਿੱਚ ਭਵਿੱਖ ਦੇ ਸਕੂਲ ਆਫ ਮੈਡੀਸਿਨ ਵਾਸਤੇ ਫੰਡ ਵਿੱਚ ਮਦਦ ਕਰਨ ਲਈ ਸੀ, ਇਹ ਉਸ ਸਾਲ ਦੇ ਸ਼ੁਰੂ ਵਿੱਚ ਓਨਟੈਰੀਓ ਸੂਬੇ ਵੱਲੋਂ ਨਿਵੇਸ਼ ਕੀਤੀ (invested by the Province of Ontario) ਫੰਡਿੰਗ ਨਾਲ ਮੇਲ ਖਾਂਦੀ ਹੈ। ਮਾਰਚ 2022 ਵਿੱਚ, ਓਨਟੈਰੀਓ ਸਰਕਾਰ ਨੇ ਵੱਧ ਮਜ਼ਬੂਤ, ਵੱਧ ਸਥਿਰ ਹੈਲਥਕੇਅਰ ਸਿਸਟਮ ਬਣਾਉਣ ਲਈ ਮੈਡੀਕਲ ਸਕੂਲ ਐਜੁਕੇਸ਼ਨ ਦੇ ਵਿਸਤਾਰ ਲਈ ਆਪਣੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ (the Government of Ontario announced its plans for expanding medical school education to build a stronger, more resilient healthcare system), ਜਿਸ ਵਿੱਚ ਸ਼ਾਮਲ ਹੈ, ਬ੍ਰੈਂਪਟਨ ਵਿੱਚ ਟੀ.ਐਮ.ਯੂ. ਯੂਨੀਵਰਸਿਟੀ ਸਕੂਲ ਆਫ ਮੈਡੀਸਿਨ ਲਈ 80 ਅੰਡਰਗ੍ਰੈਜੁਏਟ ਸੀਟਾਂ ਅਤੇ 95 ਪੋਸਟਗ੍ਰੈਜੁਏਟ ਪੋਜੀਸ਼ਨਾਂ, ਜਦੋਂ ਇਹ 2025 ਵਿੱਚ ਖੁੱਲ੍ਹੇਗੀ।

ਬ੍ਰੈਂਪਟਨ ਵਿੱਚ ਸਕੂਲ ਆਫ ਮੈਡੀਸਿਨ ਲਈ ਇੱਕ ਸਾਂਝਾ ਦ੍ਰਿਸ਼ਟੀਕੋਣ, ਰੋਜਰਸ ਸਾਈਬਰਸਿਕਿਓਰ ਕੈਟਾਲਿਸਟ (Rogers Cybersecure Catalyst) ਅਤੇ ਬ੍ਰੈਂਪਟਨ ਵੈਂਚਰ ਜ਼ੋਨ (Brampton Venture Zone) ਸਮੇਤ, ਯੂਨੀਵਰਸਿਟੀ ਅਤੇ ਸਿਟੀ ਆਫ ਬ੍ਰੈਂਪਟਨ ਵਿਚਕਾਰ ਮੌਜੂਦਾ ਭਾਈਵਾਲੀਆਂ ਤੇ ਅਧਾਰਤ ਹੈ।

ਸਕੂਲ ਆਫ ਮੈਡੀਸਿਨ ਬਾਰੇ ਵਧੇਰੇ ਜਾਣਕਾਰੀ ਲਈ, https://www.torontomu.ca/school-of-medicine/ ਤੇ ਜਾਓ।

**ਫੇਅਰ ਡੀਲ ਫਾਰ ਬ੍ਰੈਂਪਟਨ**

22 ਜਨਵਰੀ, 2020 ਨੂੰ, ਸਿਟੀ ਆਫ ਬ੍ਰੈਂਪਟਨ ਨੇ ਹੈਲਥਕੇਅਰ ਐਮਰਜੈਂਸੀ ਦਾ ਐਲਾਨ ਕੀਤਾ ਸੀ ਅਤੇ ਆਪਣੀ ਐਡਵੋਕੇਸੀ ਮੁਹਿੰਮ, “ਫੇਅਰ ਡੀਲ ਫਾਰ ਬ੍ਰੈਂਪਟਨ” (“Fair Deal for Brampton”) ਦੀ ਸ਼ੁਰੂਆਤ ਕੀਤੀ ਸੀ – ਇਸ ਵਿੱਚ ਬ੍ਰੈਂਪਟਨ ਦੇ ਹੈਲਥ ਕੇਅਰ ਅੰਤਰ ਨੂੰ ਦੂਰ ਕਰਨ ਲਈ ਸੂਬੇ ਤੋਂ ਵਾਧੂ ਫੰਡਿੰਗ ਦੀ ਬੇਨਤੀ ਕੀਤੀ ਗਈ ਸੀ। ਇਹ ਐਲਾਨ ਅਤੇ ਪੀਲ ਮੈਮੋਰੀਅਲ ਦਾ ਵਿਸਤਾਰ, ਬ੍ਰੈਂਪਟਨ ਵਿੱਚ ਹੈਲਥਕੇਅਰ ਐਮਰਜੈਂਸੀ ਵੱਲ ਧਿਆਨ ਦੇਣ ਵਿੱਚ ਮਦਦ ਕਰਦਾ ਹੈ ਅਤੇ ਯਕੀਨੀ ਬਣਾਵੇਗਾ ਕਿ ਹੈਲਥਕੇਅਰ ਪ੍ਰੈਕਟਿਸ਼ਨਰਾਂ ਦੀ ਅਗਲੀ ਪੀੜ੍ਹੀ ਨੂੰ ਸ਼ਹਿਰ ਵਿੱਚ ਲੋਕਲ ਤੌਰ ਤੇ ਟ੍ਰੇਨਿੰਗ ਦਿੱਤੀ ਜਾ ਸਕੇ।

**ਹਵਾਲੇ**

"ਬ੍ਰੈਂਪਟਨ ਲਈ ਅੱਜ ਬਹੁਤ ਵੱਡਾ ਦਿਨ ਹੈ ਕਿਉਂਕਿ ਅਸੀਂ ਸੌ ਸਾਲਾਂ ਵਿੱਚ ਜੀ.ਟੀ.ਏ., ਵਿੱਚ ਸਿਵਿਕ ਸੈਂਟਰ ਵਿੱਚ ਪਹਿਲੇ ਮੈਡੀਕਲ ਸਕੂਲ ਦਾ ਐਲਾਨ ਕਰ ਰਹੇ ਹਾਂ! ਬ੍ਰੈਂਪਟਨ ਸਕੂਲ ਆਫ ਮੈਡੀਸਿਨ ਬਣਾ ਕੇ, ਅਸੀਂ ਅਜਿਹਾ ਹੈਲਥਕੇਅਰ ਸਿਸਟਮ ਬਣਾ ਰਹੇ ਹਾਂ, ਜੋ ਲੋਕਲ ਪ੍ਰਤਿਭਾ ਨੂੰ ਵਿਕਸਿਤ ਕਰਦਾ ਹੈ ਅਤੇ ਮੈਡੀਕਲ ਸੈਕਟਰ ਵਿੱਚ ਆਰਥਿਕ ਵਾਧਾ ਪੈਦਾ ਕਰਦਾ ਹੈ। ਇਹ ਸਕੂਲ ਅਤੇ ਪੀਲ ਮੈਮੋਰੀਅਲ ਦੇ ਅਧਾਰ ਤੇ ਬਣਨ ਵਾਲਾ ਸਿਟੀ ਦਾ ਦੂਜਾ ਹਸਪਤਾਲ, ਬ੍ਰੈਂਪਟਨ ਵਿੱਚ ਹੈਲਥਕੇਅਰ ਐਮਰਜੈਂਸੀ ਵੱਲ ਧਿਆਨ ਦੇਣ ਵਿੱਚ ਮਦਦ ਕਰੇਗਾ ਅਤੇ ਯਕੀਨੀ ਬਣਾਉਂਦਾ ਹੈ ਕਿ ਹੈਲਥਕੇਅਰ ਪ੍ਰੈਕਟਿਸ਼ਨਰਾਂ ਦੀ ਅਗਲੀ ਪੀੜ੍ਹੀ ਨੂੰ ਇੱਥੇ ਸ਼ਹਿਰ ਵਿੱਚ ਹੀ ਲੋਕਲ ਤੌਰ ਤੇ ਟ੍ਰੇਨਿੰਗ ਦਿੱਤੀ ਜਾ ਸਕੇ। ਇਹ ਸਾਡੀ ਸਿਟੀ ਲਈ ਵੱਡੀ ਸਫਲਤਾ ਹੈ ਅਤੇ ਮੈਂ ਖਾਸ ਤੌਰ ਤੇ ਕਾਉਂਸਲਰ ਸੈਨਟੋਸ ਅਤੇ ਕਾਉਂਸਲਰ ਸਿੰਘ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਹਨਾਂ ਨੇ ਵਿਪੱਖ ਹੋਣ ਦੇ ਬਾਵਜੂਦ ਪਿਛਲੇ ਚਾਰ ਸਾਲਾਂ ਤੋਂ, ਸਾਡੇ ਨਿਵਾਸੀਆਂ ਲਈ ਵਾਧੂ ਪੋਸਟ-ਸੈਕੰਡਰੀ ਵਿਕਲਪਾਂ ਦੇ ਇਸ ਸੁਪਨੇ ਤੇ ਕਦੇ ਵੀ ਹਾਰ ਨਹੀਂ ਮੰਨੀ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

“ਸੌ ਸਾਲਾਂ ਵਿੱਚ ਜੀ.ਟੀ.ਏ. ਵਿੱਚ ਪਹਿਲੇ ਮੈਡੀਕਲ ਸਕੂਲ ਲਈ ਬ੍ਰੈਂਪਟਨ ਦੀ ਚੋਣ ਹੋਣਾ, ਸਾਡੀ ਕਮਿਉਨਿਟੀ ਲਈ ਇੱਕ ਸ਼ਾਨਦਾਰ ਸਫਲਤਾ ਹੈ। ਕੈਨੇਡਾ ਦੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ਅਤੇ ਸਭ ਤੋਂ ਵੱਧ ਨੌਜਵਾਨ ਅਬਾਦੀ ਵਾਲੇ ਸ਼ਹਿਰਾਂ ਵਿੱਚ ਇੱਕ ਵਜੋਂ, ਪੋਸਟ ਸੈਕੰਡਰੀ ਮੌਕਿਆਂ ਦਾ ਵਿਸਤਾਰ ਕਰਨਾ ਅਤੇ ਹੈਲਥਕੇਅਰ ਸਿਸਟਮ ਬਣਾਉਣਾ, ਸਾਡੀ ਕਾਉਂਸਿਲ ਅਤੇ ਨਿਵਾਸੀਆਂ ਲਈ ਮੁੱਖ ਤਰਜੀਹਾਂ ਹਨ। ਸਿਟੀ ਦੇ ਸਟਾਫ ਨੇ ਸਾਡੇ ਨਿਵਾਸੀਆਂ ਲਈ ਉਚਿਤ ਅਤੇ ਬਰਾਬਰੀ ਵਾਲੀ ਹੈਲਥ ਕੇਅਰ ਸੁਰੱਖਿਅਤ ਕਰਨ ਲਈ ਕਾਉਂਸਿਲ ਦੀ ਹਿਮਾਇਤ ਨੂੰ ਕਿਰਿਆਸ਼ੀਲ ਤੌਰ ਤੇ ਅੱਗੇ ਵਧਾਇਆ ਹੈ ਅਤੇ ਬ੍ਰੈਂਪਟਨ ਸਕੂਲ ਆਫ ਮੈਡੀਸਿਨ ਨੂੰ ਸੁਰੱਖਿਅਤ ਕਰਨਾ, ਇਸ ਸਫਰ ਵਿੱਚ ਇੱਕ ਵੱਡੀ ਉਪਲਬਧੀ ਹੈ।”

- *ਮਾਰਲੋਨ ਕੈਲੀਡੀਨ (Marlon Kallideen), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

“ਸਾਡੇ ਭਾਈਵਾਲਾਂ, ਸਿਟੀ ਆਫ ਬ੍ਰੈਂਪਟਨ ਅਤੇ ਟੋਰੋਂਟੋ ਮੈਟਰੋਪੋਲੀਟਨ ਯੂਨੀਵਰਸਿਟੀ ਨੂੰ, ਦਹਾਕਿਆਂ ਵਿੱਚ ਓਨਟੈਰੀਓ ਵਿੱਚ ਪਹਿਲੇ ਨਵੇਂ ਮੈਡੀਕਲ ਸਕੂਲ ਨੂੰ ਬਣਾਉਣ ਦੇ ਇਸ ਅਗਲੇ ਕਦਮ ਲਈ ਵਧਾਈ ਹੋਵੇ। ਕਿਉਂਕਿ ਸਾਡੀ ਸਰਕਾਰ ਸਾਡੇ ਹੈਲਥ ਕੇਅਰ ਇੰਫਰਾਸਟ੍ਰਕਚਰ ਨੂੰ ਬਣਾਉਣ ਅਤੇ ਇਸਦਾ ਵਿਸਤਾਰ ਕਰਨ ਲਈ ਇਤਿਹਾਸਕ ਨਿਵੇਸ਼ ਕਰ ਰਹੀ ਹੈ, ਟੀ.ਐਮ.ਯੂ. ਦਾ ਨਵਾਂ ਸਕੂਲ ਆਫ ਮੈਡੀਸਿਨ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗਾ ਕਿ ਸਾਡੇ ਕੋਲ — ਬ੍ਰੈਂਪਟਨ ਵਿੱਚ, ਪੀਲ ਰੀਜਨ ਵਿੱਚ ਅਤੇ ਪੂਰੇ ਸੂਬੇ ਵਿੱਚ ਡਾਕਟਰ ਮੌਜੂਦ ਹਨ — ਤਾਂ ਜੋ ਓਨਟੈਰੀਓ ਵਾਸੀਆਂ ਨੂੰ ਲੋੜੀਂਦੀ ਵਧੀਆ ਕਿਸਮ ਦੀ ਦੇਖਭਾਲ ਮਿਲ ਸਕੇ, ਜਦੋਂ ਵੀ ਅਤੇ ਜਿੱਥੇ ਵੀ ਉਹਨਾਂ ਨੂੰ ਇਸਦੀ ਲੋੜ ਹੋਵੇ।”

- *ਸਨਮਾਨਯੋਗ ਡਗ ਫੋਰਡ (Doug Ford), ਪ੍ਰੀਮੀਅਰ ਆਫ ਓਨਟੈਰੀਓ*

ਡਿਪਟੀ ਪ੍ਰੀਮੀਅਰ ਅਤੇ ਮਿਨਿਸਟਰ ਆਫ ਹੈਲਥ, ਸਿਲਵਿਆ ਜੋਨਸ ਨੇ ਕਿਹਾ, “ਮੈਡੀਕਲ ਪੋਸਟ ਸੈਕੰਡਰੀ ਐਜੁਕੇਸ਼ਨ ਦੇ ਵਿਸਤਾਰ ਲਈ ਇਹ ਇਤਿਹਾਸਕ ਨਿਵੇਸ਼, ਭਵਿੱਖੀ ਡਾਕਟਰਾਂ ਅਤੇ ਨਰਸਾਂ ਨੂੰ ਟ੍ਰੇਨਿੰਗ ਦੇ ਕੇ, ਓਨਟੈਰੀਓ ਵਾਸੀਆਂ ਲਈ ਉਹਨਾਂ ਦੀਆਂ ਖੁਦ ਦੀਆਂ ਕਮਿਉਨਿਟੀਜ਼ ਵਿੱਚ ਹੀ ਸਰਬੋਤਮ ਹੈਲਥ ਕੇਅਰ ਤੱਕ ਪਹੁੰਚ ਨੂੰ ਵੱਧ ਅਸਾਨ ਬਣਾਵੇਗਾ।” ਉਹਨਾਂ ਨੇ ਅੱਗੇ ਕਿਹਾ, “ਇਹ ਯਕੀਨੀ ਬਣਾਉਣਾ ਕਿ ਵੱਧ ਹੈਲਥ ਕੇਅਰ ਵਰਕਰਸ, ਖਾਸ ਐਜੁਕੇਸ਼ਨ ਅਤੇ ਟ੍ਰੇਨਿੰਗ ਤੱਕ ਪਹੁੰਚ ਸਕਦੇ ਹਨ, ਸੂਬੇ ਦੇ ਹਰ ਕੋਨੇ ਵਿੱਚ ਫਿਜੀਸ਼ੀਅਨਾਂ ਅਤੇ ਹੋਰਾਂ ਹੈਲਥ ਕੇਅਰ ਪ੍ਰੋਫੈਸ਼ਨਲਾਂ ਤੱਕ ਪਹੁੰਚ ਨੂੰ ਵਧਾਉਣ ਵਿੱਚ ਮਦਦ ਕਰੇਗਾ।”

- *ਸਿਲਵਿਆ ਜੋਨਸ (Sylvia Jones), ਡਿਪਟੀ ਪ੍ਰੀਮੀਅਰ ਅਤੇ ਮਿਨਿਸਟਰ ਆਫ ਹੈਲਥ, ਓਨਟੈਰੀਓ ਸਰਕਾਰ*

"ਅਸੀਂ ਬ੍ਰੈਂਪਟਨ ਅਤੇ ਪੀਲ ਰੀਜਨ ਦੀ ਕਮਿਉਨਿਟੀ ਦੀਆਂ ਵੰਨ-ਸੁਵੰਨੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਕੂਲ ਆਫ ਮੈਡੀਸਿਨ ਬਣਾਉਣ ਲਈ ਵਚਨਬੱਧ ਹਾਂ ਅਤੇ ਅੱਜ, ਥਾਂ ਸੁਰੱਖਿਅਤ ਕਰਨ ਦੇ ਨਾਲ, ਅਸੀਂ ਇਸਦੇ ਇੱਕ ਕਦਮ ਹੋਰ ਨੇੜੇ ਆ ਗਏ ਹਾਂ। ਮੈਂ ਸਾਡੇ ਭਾਈਵਾਲਾਂ, ਸਿਟੀ ਆਫ ਬ੍ਰੈਂਪਟਨ ਅਤੇ ਓਨਟੈਰੀਓ ਸੂਬੇ ਦਾ, ਉਹਨਾਂ ਦੇ ਨਿਵੇਸ਼ਾਂ ਲਈ ਬੇਹੱਦ ਧੰਨਵਾਦੀ ਹਾਂ, ਜੋ ਰੀਜਨ ਅਤੇ ਸੂਬੇ ਵਿੱਚ ਮੈਡੀਕਲ ਐਜੂਕੇਸ਼ਨ ਦੇ ਸੁਨਹਿਰੇ ਭਵਿੱਖ ਲਈ ਸਾਡੇ ਸਾਂਝੇ ਦ੍ਰਿਸ਼ਟੀਕੋਣ ਤੇ ਕੰਮ ਕਰਨ ਵਿੱਚ ਸਾਡੀ ਮਦਦ ਕਰਨਗੇ।"

- *ਮੁਹੰਮਦ ਲਾਚੇਮੀ (Mohamed Lachemi), ਪ੍ਰੈਜ਼ੀਡੈਂਟ ਐਂਡ ਵਾਈਸ-ਚਾਂਸਲਰ, ਟੋਰੋਂਟੋ ਮੈਟਰੋਪੋਲੀਟਨ ਯੂਨੀਵਰਸਿਟੀ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca